ਦਫਤਰ ਡਿਪਟੀ ਕਮਿਸ਼ਨਰ ਪਟਿਆਲਾ-ਕਮ- ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ ਸ੍ਰੀ ਕਾਲੀ ਦੇਵੀ ਜੀ/ ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ ਪਟਿਆਲਾ।

## ਟੈਂਡਰ ਨੋਟਿਸ

ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਜੀ, ਪਟਿਆਲਾ ਦੀ ਸੁਰੱਖਿਆਂ ਲਈ ਸੁਰੱਖਿਆਂ ਦਾ ਠੇਕਾ ਸੁਰੱਖਿਆ ਏਜੰਸੀਆਂ ਨੂੰ ਦੇਣਾ ਹੈ।ਇਸ ਨੋਟਿਸ ਰਾਹੀ ਸਾਰੀਆਂ ਫਰਮਾਂ/ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵੀ ਫਰਮ/ਏਜੰਸੀ ਇਹ ਕੰਮ ਕਰਨਾ ਚਾਹੁੰਦੀ ਹੈ ਤਾਂ ਉਹ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਦੀ ਵੈਬਸਾਈਟ mandirkalidevijipatiala.org ਤੇ ਅਪਲੋਡ ਕੀਤੀਆਂ ਗਈਆਂ ਸ਼ਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਵੈਬਸਾਇਟ ਤੇ ਅਪਲੋਡ ਕੀਤੇ ਗਏ ਪ੍ਰੋਫਾਰਮਾ ਵਿਚ ਭਰ ਕੇ ਆਪਣਾ ਟੈਂਡਰ ਬੰਦ ਲਿਫਾਫੇ ਵਿਚ ਮਿਤੀ 25-03-2022 ਨੂੰ ਸਵੇਰੇ 11:00 ਵਜੇ ਤੱਕ ਧਰਮ ਅਰਥ ਸ਼ਾਖਾ ਕਮਰਾ ਨੰ: 303, ਬਲਾਕ-ਏ, ਮਿੰਨੀ ਸਕੱਤਰੇਤ ਵਿਖੇ ਦੇ ਸਕਦੇ ਹਨ।ਟੈਂਡਰ ਮਿਤੀ 25-03-2022 ਨੂੰ ਸਵੇਰੇ 11:30 ਵਜੇ ਉਪ ਮੰਡਲ ਮੈਜਿਸਟਰੇਟ ਪਟਿਆਲਾ ਜੀ ਦੇ ਦਫਤਰ ਵਿਚ ਖੋਲੇ ਜਾਣਗੇ।

ਉਕਤ ਕੰਮ ਲਈ ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ ਲੈਣ ਲਈ ਪ੍ਰਬੰਧਕੀ ਅਫਸਰ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਉਪ ਮੰਡਲ ਮੈਜਿਸਟਰੇਟ, ਪਟਿਆਲਾ
ਵਾ:ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ
ਐਡਵਾਇਜਰੀ ਮੈਨੇਜਿੰਗ ਕਮੇਟੀ
ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,
ਪਟਿਆਲਾ।

Scanned with CamScanner

ਪ੍ਰੋਫਾਰਮਾ:

<table>
<tr><td>1</td><td>ਸੁਰੱਖਿਆਂ ਏਜੰਸੀ ਦਾ ਨਾਮ ਅਤੇ ਰਜਿਸਟਰਡ ਪਤਾ</td><td colspan="4"></td></tr>
<tr><td>2</td><td>ਰਜਿਸਟਰਡ ਨੰਬਰ ਅਤੇ ਰਜਿਸਟਰਡ ਹੋਣ ਦੀ ਮਿਤੀ (ਘੱਟੋ-ਘੱਟ 3 ਸਾਲ ਪਹਿਲਾਂ ਦੀ ਹੋਵੇ)</td><td colspan="4"></td></tr>
<tr><td rowspan="2">3</td><td rowspan="2">ਸੁਰੱਖਿਆ ਏਜੰਸੀ ਵਿਚ ਲੱਗਣ ਵਾਲੇ ਸਕਿਊਰਟੀ ਗਾਰਡਾਂ ਦੀ ਗਿਣਤੀ<br>ਸੋਮਵਾਰ ਤੋਂ ਸ਼ੁਕਰਵਾਰ ਅਤੇ ਐਤਵਾਰ- 20/20 ਸਕਿਊਰਟੀ ਗਾਰਡ ਅਤੇ 2/2 ਸੁਪਰਵਾਇਜਰ<br>ਸ਼ਨੀਵਾਰ- ਲੋੜ ਅਨੁਸਾਰ ਸਕਿਊਰਟੀ ਗਾਰਡਾਂ ਦੀ ਗਿਣਤੀ ਵਧਾਈ ਜਾ ਸਕਦੀ ਹੈ।</td><td>Wages of Supervisor</td><td>Wages of Security Guard-ESM</td><td>Wages of Security Guard-CIVIL</td><td>Total Wages of 44 Persons</td></tr>
<tr><td></td><td></td><td></td><td></td></tr>
<tr><td rowspan="2">4</td><td rowspan="2">ਰਾਤ ਦੀ ਸ਼ਿਫਟ ਵਿਚ ਲੱਗਣ ਵਾਲੇ ਸਕਿਊਰਟੀ ਗਾਰਡਾਂ ਦੀ ਗਿਣਤੀ<br>7 ਸਕਿਊਰਟੀ ਗਾਰਡ ਰੋਜਾਨਾ</td><td colspan="2">Wages of Security Guard</td><td colspan="2">Total Wages of 7 Security Guards</td></tr>
<tr><td colspan="2"></td><td colspan="2"></td></tr>
<tr><td rowspan="2">5</td><td rowspan="2">ਕਾਰ ਪਾਰਕਿੰਗ ਵਿਚ (ਸਾਇਕਲ, ਸਕੂਟਰ/ਮੋਟਰ ਸਾਇਕਲ, ਕਾਰ ਆਦਿ) ਲੱਗਣ ਵਾਲੇ ਸਕਿਊਰਟੀ ਗਾਰਡਾਂ ਦੀ ਗਿਣਤੀ- 5/5</td><td colspan="2">Wages of Security Guard</td><td colspan="2">Total Wages of 10 Security Guards</td></tr>
<tr><td colspan="2"></td><td colspan="2"></td></tr>
<tr><td rowspan="2">6</td><td rowspan="2">ਸੀ.ਸੀ.ਟੀ.ਵੀ. ਕੰਟਰੋਲ ਰੂਮ ਵਿਚ ਕੈਮਰਾ ਦੇਖਣ ਲਈ ਟਰੈਂਡ ਸਕਿਊਰਟੀ ਗਾਰਡਾਂ ਦੀ ਗਿਣਤੀ- 6 (ਤਿੰਨ ਸ਼ਿਫਟਾ ਵਿਚ ਦੋ-ਦੋ ਟਰੇਂਡ ਸਕਿਊਰਟੀ ਗਾਰਡ)</td><td colspan="2">Wages of Security Guard</td><td colspan="2">Total Wages of 6 Security Guards</td></tr>
<tr><td colspan="2"></td><td colspan="2"></td></tr>
<tr><td>7</td><td>ਏਜੰਸੀ ਵੱਲੋ ਲਿਆ ਜਾਣ ਵਾਲਾ ਸਰਵਿਸ ਚਾਰਜ 0% ਨਾ ਹੋਵੇ(ਲਏ ਜਾਣ ਵਾਲੇ ਸਰਵਿਸ ਚਾਰਜ ਦੀ % ਦੱਸੀ ਜਾਵੇ)</td><td colspan="4"></td></tr>
<tr><td>8</td><td>(ਲੜੀ ਨੰ:3+4+5+6+7) ਕੁੱਲ ਜੋੜ</td><td colspan="4"></td></tr>
<tr><td>9</td><td>ਸਕਿਊਰਟੀ ਗਾਰਡ ਦੀ ਯੋਗਤਾ Ex Serviceman/ Medically fit Civilian</td><td colspan="4"></td></tr>
<tr><td>10</td><td>Metal Detector-2 Walkie Talkie-4 to Guards ਦੀ ਸਹੂਲਤ ਵੀ ਏਜੰਸੀ ਵਲੋਂ ਦਿੱਤੀ ਜਾਵੇਗੀ।ਜਿਸਦਾ ਕੋਈ ਵੱਖਰਾ ਚਾਰਜ ਨਹੀ ਦਿੱਤਾ ਜਾਵੇਗਾ।</td><td colspan="4"></td></tr>
<tr><td>11</td><td>Emergency Alarm and Hooter-3 (ਏਜੰਸੀ ਵੱਲੋ ਦਿੱਤਾ ਜਾਣਾ ਲਾਜ਼ਮੀ ਹੋਵੇਗਾ)</td><td colspan="4"></td></tr>
<tr><td>12</td><td>ਪਬਲਿਕ ਐਡਰੈਸ ਸਿਸਟਮ-5 (ਏਜੰਸੀ ਵੱਲੋ ਦਿੱਤਾ ਜਾਣਾ ਲਾਜ਼ਮੀ ਹੋਵੇਗਾ)</td><td colspan="4"></td></tr>
<tr><td>13</td><td>ਪਿਛਲੇ ਤਿੰਨ ਸਾਲਾਂ ਦੀ ਬੈਲੇਂਸ ਸ਼ੀਟ</td><td colspan="4"></td></tr>
<tr><td>14</td><td>Name of Prominent Clients</td><td colspan="4"></td></tr>
</table>

Scanned with CamScanner

ਮੰਦਿਰ ਸ੍ਰੀ ਕਾਲੀ ਦੇਵੀ ਜੀ ਪਟਿਆਲਾ ਦੀ ਸੁਰੱਖਿਆ ਸਬੰਧੀ ਇਸ਼ਤਿਹਾਰ ਵਿਚ ਟੈਂਡਰ ਸਬੰਧੀ ਸ਼ਰਤਾਂ :

1) ਬਿਨਾਂ ਕਾਰਨ ਦੱਸੇ ਟੈਂਡਰ ਰੱਦ ਕਰਨ ਦਾ ਅਧਿਕਾਰ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਜੀ, ਪਟਿਆਲਾ ਜੀ ਨੂੰ ਹੋਵੇਗਾ।
2) ਟੈਂਡਰ ਪਾਸ ਹੋਣ ਤੇ ਐਗਰੀਮੈਂਟ ਇੱਕ ਹਫਤੇ ਦੇ ਅੰਦਰ-2 ਪੇਸ਼ ਕਰਨਾ ਹੋਵੇਗਾ।
3) ਜੇਕਰ ਐਗਰੀਮੈਂਟ ਤੋਂ ਪਹਿਲਾ ਇੱਕ ਮਹੀਨੇ ਦਾ ਨੋਟਿਸ ਦਿੱਤੇ ਬਗੈਰ ਆਪਣੀ ਮਰਜੀ ਨਾਲ ਛੱਡ ਕੇ ਜਾਂਦੇ ਹੋ ਤਾਂ ਇੱਕ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਉਣੀ ਪਵੇਗੀ ਜਾਂ ਜਬਤ ਕਰ ਲਈ ਜਾਵੇਗੀ।
4) ਟੈਂਡਰ ਵਿਚ ਸਕਿਉਰਟੀ ਗਾਰਡ ਦੀ ਯੋਗਤਾ Ex Serviceman ਸਬੰਧੀ ਸ਼ਰਤ ਤੋ ਇਲਾਵਾ Medically fit Civilian ਵੀ ਹੋ ਸਕਦਾ ਹੈ।
5) ਟੈਂਡਰ ਵਿਚ ਪਿਛਲੇ ਤਿੰਨ ਸਾਲਾਂ ਦੀ ਬੈਲੇਂਸ ਸ਼ੀਟ ਸਬੰਧੀ ਸ਼ਰਤ ਤੇ ਇਲਾਵਾ 2 ਸਾਲ ਦੀ ਬੈਲੇਂਸ ਵੀ ਮੰਨਣਯੋਗ ਹੋਵੇਗੀ।
6) ਸਬੰਧਤ ਸਕਿਉਰਟੀ ਏਜੰਸੀ ਦਾ ਸਲਾਨਾ ਟਰਨਓਵਰ ਇੱਕ ਕਰੋੜ ਹੋਵੇ।ਇਸ ਟਰਨਓਵਰ ਵਿਚ ਕਟੌਤੀ ਕਰਨ ਦਾ ਅਧਿਕਾਰ ਮਾਨਯੋਗ ਡਿਪਟੀ ਕਮਿਸ਼ਨਰ-ਕਮ- ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਜੀ ਨੂੰ ਹੋਵੇਗਾ।
7) ਹਰ ਸ਼ਿਫਟ ਵਿਚ ਤਿੰਨ ਲੇਡੀਜ ਸਕਿਉਰਟੀ ਗਾਰਡ ਜਰੂਰੀ ਹੋਣਗੇ।
8) ਕਾਰ/ਸਕੂਟਰ/ਮੋਟਰ ਸਾਇਕਲ/ਸਾਇਕਲ ਪਾਰਕਿੰਗ ਵਿਚ ਖੜੇ ਵਹੀਕਲਾਂ ਦੀ ਪਰਚੀ ਕੱਟਣੀ ਲਾਜਮੀ ਹੋਵੇਗੀ।
9) ਮੰਦਿਰ ਦੇ ਹਦੂਦ ਨਾਲ ਲੱਗਦੇ ਬਾਹਰਲੇ ਏਰੀਆਂ ਵਿਚ ਲੱਗਦੀਆਂ ਰੇਹੜੀਆਂ/ਫੜੀਆਂ ਅਤੇ ਭਿਖਾਰੀਆਂ ਤੋ ਏਰੀਆਂ ਖਾਲੀ ਅਤੇ ਸੁਰੱਖਿਅਤ ਰੱਖਣਾ ਹੋਵੇਗਾ ਅਤੇ ਭੀੜ ਸਮੇਂ ਸ਼ਰਧਾਲੂਆਂ ਦੀਆਂ ਜੇਬਾਂ ਕੱਟਣ ਤੋ ਬਚਾਉਣ ਲਈ ਖਾਸ ਚੌਕਸੀ ਵਰਤਣੀ ਹੋਵੇਗੀ।
10) ਮੰਦਿਰ ਦੀ ਪ੍ਰਾਪਰਟੀ ਵਿਚ ਕੋਈ ਨਜਾਇਜ ਕਬਜਾ/ਨਜਾਇਜ ਉਸਾਰੀ ਨੂੰ ਰੋਕਣ ਦੀ ਜਿੰਮੇਵਾਰੀ ਸਬੰਧਤ ਸਕਿਉਰਟੀ ਏਜੰਸੀ ਦੀ ਹੋਵੇਗੀ।
11) ਮੰਦਿਰ ਵਿਖੇ ਬਾਹਰਲੇ ਸ਼ਰਧਾਲੂਆਂ ਵੱਲੋ ਕੀਤੇ ਜਾਣ ਵਾਲੇ ਧਾਰਮਿਕ ਪ੍ਰੋਗਰਾਮ ਦੀ ਪ੍ਰਵਾਨਗੀ ਨੂੰ ਚੈਕ ਕਰਨਾ ਵੀ ਸਬੰਧਤ ਸਕਿਉਰਟੀ ਏਜੰਸੀ ਦੀ ਡਿਊਟੀ ਵਿਚ ਸ਼ਾਮਲ ਹੋਵੇਗਾ।
12) ਜਰੂਰਤ ਪੈਣ ਤੇ ਮਹਿਕਮੇ ਦੀ ਮੰਗ ਅਨੁਸਾਰ ਸਕਿਉਰਟੀ ਵਧਾਈ ਜਾਂ ਘਟਾਈ ਜਾ ਸਕਦੀ ਹੈ।
13) ਜਿਸ ਸੁਰੱਖਿਆ ਏਜੰਸੀ ਨੂੰ ਟੈਂਡਰ ਅਲਾਟ ਕੀਤਾ ਜਾਵੇਗਾ ਉਸਨੂੰ ਦੋ ਲੱਖ ਰੁਪਏ ਸਕਿਉਰਟੀ ਵਜੋ ਕੈਸ਼ ਮੰਦਿਰ ਦੇ ਬੈਂਕ ਖਾਤੇ ਵਿੱਚ ਜਮਾਂ ਕਰਵਾਉਣੇ ਹੋਣਗੇ ਅਤੇ ਟੈਂਡਰ ਦੀ ਮਿਆਦ ਖਤਮ ਹੋਣ ਤੇ ਜਮਾਂ ਕਰਵਾਈ ਸਕਿਉਰਟੀ ਦੀ ਰਕਮ ਮੋੜਨ ਯੋਗ ਹੋਵੇਗੀ।

ਉਪ ਮੰਡਲ ਮੈਜਿਸਟਰੇਟ, ਪਟਿਆਲਾ
ਵਾ:ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ
ਐਡਵਾਇਜਰੀ ਮੈਨੇਜਿੰਗ ਕਮੇਟੀ
ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,
ਪਟਿਆਲਾ।

Scanned with CamScanner